# 3

# ‘‘ਸ਼ਬਦ ਦੇਹਧਾਰੀ ਹੋਇਆ’’

## (1:14-18)

ਵਿਰੋਧਾਭਾਸ ਇਕ ਦੂਜੇ ਦੇ ਵਿਰੋਧੀ ਸ਼ਬਦਾਂ ਦੇ ਮੇਲ ਨੂੰ ਕਿਹਾ ਜਾਂਦਾ ਹੈ। ‘‘ਵਿਰੋਧਾਭਾਸ’’ ਦਾ ਅੰਗ੍ਰੇਜ਼ੀ ਸ਼ਬਦ ‘‘oxymoron’’ ਆਪਣੇ ਆਪ ਵਿਚ ਯੂਨਾਨੀ ਸ਼ਬਦਾਂ ਦਾ ਮੇਲ ਹੈ ਜਿਨ੍ਹਾਂ ਦਾ ਅਰਥ ‘‘ਤਿੱਖਾ/ਮੰਦ’’ ਹੈ। ‘‘ਕੌੜੀ-ਮਿਠਾਸ,’’ ‘‘ਵਿਰਾਟ-ਬੌਣਾ’’ ਅਤੇ ‘‘ਜ਼ਾਲਿਮ ਕਿਰਪਾ’’ ਆਦਿ ਸ਼ਬਦ ਇਸ ਸਾਹਿਤਕ ਜੁਗਤ ਦੀਆਂ ਕੁਝ ਉਦਾਹਰਣਾਂ ਹਨ।

ਇਹ ਵਿਸ਼ੇਸ਼ ਰਚਨਾ ਯੂਹੰਨਾ 1:14-18 ਦਾ ਮੂਲ ਅਧਾਰ ਹੈ। ਇੰਜੀਲ ਦੇ ਯੂਹੰਨਾ ਦੇ ਵਿਰਤਾਂਤ ਦੀਆਂ ਪਹਿਲੀਆਂ 13 ਆਇਤਾਂ ਉਸ ਸ਼ਬਦ ਨਾਲ ਜਾਣ ਪਛਾਣ ਕਰਾਉਂਦੀਆਂ ਹਨ, ਜਿਹੜਾ ‘‘ਆਦਿ ਵਿਚ ਸੀ,’’ ‘‘ਪਰਮੇਸ਼ੁਰ ਦੇ ਸੰਗ ਸੀ,’’ ਅਤੇ ‘‘ਪਰਮੇਸ਼ੁਰ ਸੀ’’। ਇਹ ਦਾਅਵੇ ਇੰਨੇ ਸਪਸ਼ੱਟ ਹਨ ਕਿ ਉਨ੍ਹਾਂ ਨੂੰ ਮੰਨਣ ਵਿਚ ਸਾਨੂੰ ਐਨੀ ਔਖਿਆਈ ਨਹੀਂ ਹੋਵੇਗੀ ਕਿਉਂਕਿ ਅਸੀਂ ਪਰਮੇਸ਼ੁਰ ਬਾਰੇ ਜਲਾਲੀ ਵਾਅਦੇ ਪੁਰਾਣੇ ਸੁਣਦੇ ਆ ਰਹੇ ਹਾਂ। ਯੂਹੰਨਾ 1:14 ਵਿਚ ਵਿਖਾਈ ਗਈ ‘‘ਮੁਸ਼ਕਿਲ’’ ਇਹ ਹੈ ਕਿ ਯਿਸੂ ਨੂੰ ਸਮਝਣ ਲਈ ਕਿ ਉਹ ਕੌਣ ਹੈ ਖ਼ੁਦਾ/ਦੇਹ ਦੇ ਵਿਰੋਧਾਭਾਸ ਨੂੰ ਸਮਝਣ ਦੀ ਸ਼ੁਰੂਆਤ ਹੈ।

## ਉਹ ਦੇਹਧਾਰੀ ਹੋਇਆ

‘‘ਅਤੇ ਸ਼ਬਦ ਦੇਹਧਾਰੀ ਹੋਇਆ ... ’’ (1:14)। ਯਿਸੂ ਦੀ ਜਾਣ ਪਛਾਣ ਇਲਾਹੀ ਸ਼ਬਦ ਦੇ ਰੂਪ ਵਿਚ ਜਿਹੜਾ ਆਦਿ ਤੋਂ ਸੀ ਅਤੇ ਜਿਸ ਦੇ ਰਾਹੀਂ ਸਭ ਕੁਝ ਰਚਿਆ ਗਿਆ ਕਰਵਾਉਣ ਦੇ ਬਾਅਦ, ਯੂਹੰਨਾ 1:14 ਇਕ ਹੈਰਾਨ ਕਰਨ ਵਾਲਾ ਦਾਅਵਾ ਕਰਦਾ ਹੈ ਕਿ ਉਹ ਦੇਹਧਾਰੀ ਹੋਇਆ। ਯਿਸੂ ਬਾਰੇ ਸਮਝਣ ਲਈ ‘‘ਦੇਹਧਾਰੀ’’ ਸਾਧਾਰਣ, ਸੰਸਾਰਕ, ਹੇਠਲੇ ਪੱਧਰ ਦੀ, ਅਤੇ ਲਗਭਗ ਅਸ਼ੁੱਧ ਭਾਸ਼ਾ ਸੀ। ਯੂਹੰਨਾ ਦੇ ਕਹਿਣ ਦਾ ਭਾਵ ਸੀ ਕਿ ਯਿਸੂ 50 ਫ਼ੀਸਦੀ ਖ਼ੁਦਾ ਜਾਂ 50 ਫ਼ੀਸਦੀ ਮਨੁੱਖ ਨਹੀਂ ਸਗੋਂ 100 ਫ਼ੀਸਦੀ ਮਨੁੱਖ ਬਣਿਆ। ਯਿਸੂ ਨੇ ਮਨੁੱਖ ਹੋਣ ਨੂੰ ਪੂਰੀ ਤਰ੍ਹਾਂ ਮਹਿਸੂਸ ਕੀਤਾ ਸੀ। ਉਸ ਦਾ ਜਨਮ ਇਕ ਬਾਲਕ ਦੇ ਰੂਪ ਵਿਚ ਹੋਇਆ, ਮਨੁੱਖ ਬਣਨ ਲਈ ਉਹ ਵੱਡਾ ਹੋਇਆ ਅਤੇ ਭੁੱਖ, ਪਿਆਸ, ਪੀੜ, ਗੁੱਸਾ ਅਤੇ ਦੁੱਖ ਆਦਿ ਭਾਵਨਾਵਾਂ ਤੋਂ ਜਾਣੂ ਸੀ। ਇਹ ਕਹਿਣਾ ਕਿ ਯਿਸੂ ਮਨੁੱਖ ਹੀ ਸੀ, ਸਦਾ ਅਪਮਾਨ ਭਰੀ ਗੱਲ ਲੱਗਦੀ ਹੈ। ਉਦਾਹਰਣ ਦੇ ਤੌਰ ਤੇ, ਜਦ ਤੁਸੀਂ ਮਰੀਅਮ, ਯੂਸਫ਼ ਅਤੇ ਬਾਲਕ ਯਿਸੂ ਦੇ ਖੁਰਲੀ ਵਿਚ ਹੋਣ ਦੀ ਕਲਪਨਾ ਕਰਦੇ ਹੋ ਤਾਂ ਕੀ ਸਾਡੇ ਮਨ ਵਿਚ ਇਹ ਵਿਚਾਰ ਨਹੀਂ ਆ ਜਾਂਦਾ ਕਿ ਉਸ ਦੇ ਕੱਪੜੇ ਗੰਦੇ ਹੋਣਗੇ? ਇਹ ਸਭ ਕੁਝ ਸਾਨੂੰ ਬੁਰਾ ਲੱਗ ਸਕਦਾ ਹੈ, ਪਰ ‘‘ਦੇਹਧਾਰੀ’’ ਸ਼ਬਦ ਤੋਂ ਪਤਾ ਲੱਗ ਸਕਦਾ ਹੈ ਕਿ ਅਜਿਹਾ ਨਹੀਂ ਸਗੋਂ ਇਸ ਤੋਂ ਵੀ ਬੁਰਾ ਹੋ ਸਕਦਾ ਹੈ। ਉਦਾਹਰਣ ਦੇ ਤੌਰ ’ਤੇ ਕੀ ਤੁਸੀਂ ਮੰਨਦੇ ਹੋ ਕਿ ਯਿਸੂ ਦੀ ਸੱਚਮੁੱਚ ਪ੍ਰੀਖਿਆ ਹੋਈ ਸੀ? ਕੀ ਯਿਸੂ ਨੇ ਕੋਈ ਗਲਤ ਕੰਮ ਕਰਨ ਦੀ ਇੱਛਾ ਕੀਤੀ ਸੀ? ਇਕ ਪਲ ਲਈ ਇਸ ਤੇ ਵਿਚਾਰ ਕਰੋ। ਯਾਕੂਬ ਨੇ ਲਿਖਿਆ ਹੈ, ‘‘ਪਰ ਹਰ ਕੋਈ ਤਦੇ ਪਰਤਾਇਆ ਜਾਂਦਾ ਹੈ ਜਦੋਂ

ਆਪਣੀ ਹੀ ਕਾਮਨਾ ਨਾਲ ਲੁਭਾਇਆ ਅਤੇ ਭੁਚਲਾਇਆ ਜਾਂਦਾ ਹੈ। ਤਦ ਕਾਮਨਾ ਜਾਂ ਗਰਭਣੀ ਹੋਣੀ ਤਾਂ ਪਾਪ ਨੂੰ ਜਣਦੀ ਹੈ ਅਤੇ ਪਾਪ ਜਾਂ ਪੂਰੇ ਵਿੱਤ ਨੂੰ ਪੁੱਜਦਾ ਹੈ ਤਾਂ ਮੌਤ ਨੂੰ ਜਨਮ ਦਿੰਦਾ ਹੈ'' (ਯਾਕੂਬ 1:14, 15)। ਕੀ ਯਿਸੂ ਕਦੀ, ''ਆਪਣੀ ਹੀ ਇੱਛਾ ਕਾਰਣ ਖਿੱਚਿਆ ਗਿਆ'' ਸੀ? ਇਬਰਾਨੀਆਂ ਦੇ ਖ਼ਤ ਦੇ ਲਿਖਣ ਵਾਲੇ ਨੇ ਲਿਖਿਆ ਹੈ, ਕਿ ਯਿਸੂ ਭਾਵ ਸਾਡਾ ਮਹਾਂਜਾਜਕ, ''ਸਗੋਂ ਸਾਰੀਆਂ ਗੱਲਾਂ ਵਿਚ ਸਾਡੇ ਵਾਂਙੁ ਪਰਤਾਇਆ ਗਿਆ ਪਰ ਉਹ ਪਾਪ ਤੋਂ ਰਹਿਤ ਰਿਹਾ'' (ਬਿਰਾਨੀਆਂ 4:15)। ਸਾਡੇ ਪ੍ਰਸ਼ਨ ਦਾ ਉੱਤਰ ਫਿਰ ਨਹੀਂ ਮਿਲਦਾ ਕਿ ''ਕੀ ਨਿਸ਼ਪਾਪ ਮਸੀਹ ਨੇ ਕਦੇ ਕੋਈ ਗਲਤ ਕੰਮ ਕਰਨ ਦੀ ਇੱਛਾ ਕੀਤੀ ਸੀ?'' ਮੇਰਾ ਮੰਨਣਾ ਹੈ ਕਿ ਪੱਵਿਤਰ ਸ਼ਾਸਤਰ ਦਾ ਉੱਤਰ ਡੰਕੇ ਦੀ ਚੋਟ ਤੇ ਕਹਿੰਦਾ ਹੈ, ''ਹਾਂ!'' ਉਦਾਹਰਣ ਲਈ, ਆਪਣੇ ਫੜਵਾਏ ਜਾਣ ਦੀ ਰਾਤ ਗਤਸਮਨੀ ਬਾਗ ਵਿਚ ਯਿਸੂ ਚਾਹੁੰਦਾ ਸੀ? ਉਸ ਨੇ ਦੁਆ ਕੀਤੀ, ''ਹੇ ਪਿਤਾ, ਜੇ ਤੈਨੂੰ ਭਾਵੇ ਤਾਂ ਇਹ ਪਿਆਲਾ ਮੈਥੋਂ ਹਟਾ ਦਿਹ ਤਾਂ ਵੀ ਮੇਰੀ ਮਰਜ਼ੀ ਨਹੀਂ ਪਰ ਤੇਰੀ ਹੋਵੇ'' (ਲੂਕਾ 22:42)। ਕੀ ਇਸ ਵਿਚ ਇਹ ਨਹੀਂ ਲਿਖਿਆ ਗਿਆ ਕਿ ਯਿਸੂ ਆਪਣੇ ਪਿਤਾ ਦੀ ਇੱਛਾ ਕੁਝ ਚਾਹੁੰਦਾ ਸੀ? ਅਸੀਂ ਸਾਰੇ ਇਸ ਗੱਲ ਲਈ ਪਰਮੇਸ਼ੁਰ ਦਾ ਧੰਨਵਾਦ ਕਰ ਸਕਦੇ ਹਾਂ ਕਿ ਉਹ ਪਿਤਾ ਦੀ ਇੱਛਾ ਦੇ ਉੱਪਰ ਤਾਂ ਕੁਝ ਚਾਹੁੰਦਾ ਸੀ, ਪਰ ਸਾਨੂੰ ਇਸ ਤੱਥ ਨੂੰ ਨਜ਼ਰਅੰਦਾਜ਼ ਨਹੀਂ ਕਰਨਾ ਚਾਹੀਦਾ ਕਿ ਯਿਸੂ ''ਦੇਹਧਾਰੀ'' ਹੋਇਆ ਅਤੇ ਉਸਨੇ ਦੇਹ ਵਿਚ ਆਉਣ ਵਾਲੀਆਂ ਸਭ ਪ੍ਰੀਖਿਆਵਾਂ ਦਿੱਤੀਆਂ ਸਨ।

ਸਾਨੂੰ ਇਹ ਮੰਨਣਾ ਔਖਾ ਲੱਗ ਸਕਦਾ ਹੈ ਕਿਉਂਕਿ ਅਸੀਂ ਪ੍ਰਭੂ ਅਤੇ ਪਰਮੇਸ਼ੁਰ ਦੇ ਰੂਪ ਵਿਚ ਯਿਸੂ ਦੇ ਬਾਰੇ ਬਹੁਤ ਕੁਝ ਸੁਣਦੇ ਹਾਂ। ਹੋ ਸਕਦਾ ਹੈ ਕਿ ਉਸਨੂੰ ਇਕ ਮਨੁੱਖ ਦੇ ਰੂਪ ਵਿਚ ਵੇਖਣਾ ਸਾਨੂੰ ਅਜੀਬ ਲੱਗੇ! ਇੱਥੋਂ ਤੱਕ ਕਿ ਪਰਮੇਸ਼ੁਰ ਦੀ ਨਿੰਦਾ ਕਰਨਾ ਲੱਗੇ। ਅਮਰੀਕਾ ਵਿਚ ਸੱਤਰਵੇਂ ਦੇ ਦਹਾਕੇ ਵਿਚ ਕਈ ਵਰ੍ਹਿਆਂ ਤਕ ਚੱਲਣ ਵਾਲੇ ''ਦ ਵਾਲਟਨਸ'' ਟੀ.ਵੀ. ਪ੍ਰੋਗਰਾਮ ਮਿਲੀ ਇਕ ਮੁਸ਼ਕਿਲ ਦੀ ਉਦਾਹਰਣ ਮੈਨੂੰ ਅੱਜ ਵੀ ਯਾਦ ਹੈ। ਇਕ ਕਿਸ਼ਤ ਵਿਚ ਸਭ ਤੋਂ ਵੱਡੇ ਬੇਟੇ ਵਾਲਟਨ ਨੂੰ ਕਿਸੇ ਲੜਕੀ ਨਾਲ ਪਿਆਰ ਹੋ ਜਾਂਦਾ ਹੈ। ਉਹ ਪੁੱਛਣ ਲੱਗਦਾ ਹੈ, ''ਪਿਤਾ ਜੀ, ਕੀ ਤੁਸੀਂ ਕਿਸੇ ਨਾਲ ਪਿਆਰ ਕੀਤਾ ਹੈ?'' ਉਸਦਾ ਪਿਤਾ ਖਿੱਝਦੇ ਹੋਏ ਕੰਮ ਛੱਡ ਕੇ ਕਹਿੰਦਾ ਹੈ, ''ਅਜੇ ਵੀ ਕਰਦਾ ਹਾਂ!'' ਪਹਿਲਾਂ ਨਾਲੋਂ ਵੱਧ ਘਬਰਾਇਆ ਹੋਇਆ ਜੌਨ ਬੋਏ ਨੇ ਫੇਰ ਆਪਣਾ ਸਵਾਲ ਪੁੱਛਣ ਦੀ ਕੋਸ਼ਿਸ਼ ਕੀਤੀ। ''ਨਹੀਂ ਮੇਰੇ ਕਹਿਣ ਤੋਂ ਭਾਵ ਹੈ ਕਿ ਕਿਸੇ ਕੁੜੀ ਨਾਲ?'' ਉਸ ਦੇ ਪਿਤਾ ਨੇ ਜਵਾਬ ਦਿੱਤਾ, ''ਬੇਟਾ, ਮੈਨੂੰ ਨਹੀਂ ਲੱਗਦਾ ਕਿ ਤੇਰੀ ਮਾਂ ਨੂੰ ਇਹ ਸਵਾਲ ਚੰਗਾ ਲੱਗੇਗਾ!''

ਬੱਚਿਆਂ ਦੀ ਆਪਣੀ ਮਾਂ ਦੇ ਬਾਰੇ ਇਕ ਮਹਿਲਾ ਜਾਂ ਪਿਤਾ ਦੇ ਬਾਰੇ ਵਿਚ ਇਕ ਪੁਰਖ ਦੇ ਰੂਪ ਵਿਚ ਵਿਚਾਰ ਕਰਨਾ ਔਖਾ ਲੱਗਦਾ ਹੈ। ਆਪਣੇ ਬੱਚਿਆਂ ਲਈ ਉਹ ਮਾਤਾ ਪਿਤਾ, ਸੰਭਾਲ ਕਰਨ ਵਾਲੇ, ਨਾਇਕ ਅਤੇ ਉਨ੍ਹਾਂ ਦੇ ਸਭ ਕੁਝ ਹੁੰਦੇ ਹਨ। ਉਹ ਕਿਸੇ ਦੇ ਨਾਲ ਉਨ੍ਹਾਂ ਦੇ ਪ੍ਰੇਮ ਸਬੰਧਾਂ ਦੀ ਕਲਪਨਾ ਵੀ ਨਹੀਂ ਕਰ ਸਕਦੇ। ਇਸੇ ਤਰ੍ਹਾਂ ਮਸੀਹੀਆਂ ਲਈ ਵੀ ਯਿਸੂ ਦੇ ਮਨੁੱਖ ਬਣਨ ਅਤੇ ''ਸ਼ਬਦ ਦੇਹਧਾਰੀ'' ਹੋਇਆ ਦੇ ਤੱਥ ਨੂੰ ਮੰਨਣਾ ਔਖਾ ਹੋ ਜਾਂਦਾ ਹੈ!

## ਉਸ ਨੇ ਆਪਣਾ ਤੰਬੂ ਲਗਾਇਆ

ਯੂਹੰਨਾ ਦੀ ਭਾਸ਼ਾ ਹੋਰ ਵੀ ਸਪਸ਼ੱਟ ਹੋ ਗਈ ਜਦ ਉਸ ਨੇ ਕਿਹਾ ਕਿ ਦੇਹਧਾਰੀ ਹੋਣ ਵਾਲੇ

ਵਚਨ ਨੇ ''ਸਾਡੇ ਵਿਚ ਵਾਸ ਕੀਤਾ ... '' (1: 14)। ''ਵਾਸ ਕੀਤਾ'' ਸ਼ਬਦ ਦਾ ਸ਼ਾਬਦਿਕ ਅਰਥ, ''ਤੰਬੂ ਲਗਾਉਣਾ'' ਹੈ। ਇਸ ਵਿਚ ਇਹ ਵਿਚਾਰ ਮਿਲਦਾ ਹੈ ਕਿ ਕਿਸੇ ਨੇ ਸਾਡੇ ਗੁਆਂਢ ਵਿਚ ਆ ਕੇ ਸਾਡੇ ਵਿਚ ਆਪਣਾ ਨਿਵਾਸ ਬਣਾ ਲਿਆ ਹੈ। ਯਿਸੂ ਨੇ ਅਜਿਹਾ ਹੀ ਕੀਤਾ ਹੈ! ਉਹ ਸਿਰਫ਼ ਥੋੜ੍ਹੇ ਚਿਰ ਵਾਸਤੇ ਹੀ ਨਹੀਂ ਸੀ ਆਇਆ। ਉਸ ਨੇ ਇੱਥੇ ਆ ਕੇ ਆਪਣਾ ਪਤਾ ਬਦਲ ਕੇ ''ਧਰਤੀ'' ਕਰ ਲਿਆ ਸੀ ਅਤੇ ਦਿਨ ਭਰ ਦੇ ਕੰਮ ਕਾਜ ਤੋਂ ਆਪਣੇ ਹੱਥ ਗੰਦੇ ਕੀਤੇ ਸਨ। ਸਾਡੇ ਵਿਚ ਉਸਦੇ ਹੋਣ ਦੀ ਗੱਲ ਮਨੁੱਖ ਜਾਤੀ ਲਈ ਉਹਦਾ ਬਹੁਤ ਵੱਡਾ ਤੋਹਫ਼ਾ ਹੈ।

ਯਿਸੂ ਨੇ ਆ ਕੇ ''ਸਾਡੇ ਵਿਚ ਡੇਰਾ ਲਾਇਆ'' ਦੇ ਤੱਥ ਦੇ ਮਹੱਤਵ ਨੂੰ ਇਕ ਫ਼ਾਰਸੀ ਰਾਜੇ ਦੀ ਪੁਰਾਣੀ ਕਹਾਣੀ ਰਾਹੀਂ ਸਮਝਾਇਆ ਜਾਂਦਾ ਹੈ। ਸ਼ਾਹ ਅਬੀਸ ਇਕ ਰਾਜਾ ਸੀ ਜਿਹੜਾ ਆਪਣੇ ਲੋਕਾਂ ਨੂੰ ਪਿਆਰ ਕਰਦਾ ਸੀ। ਉਹਨਾਂ ਨੂੰ ਚੰਗੀ ਤਰ੍ਹਾਂ ਸਮਝਣ ਲਈ ਅਤੇ ਇਕ ਸਾਧਾਰਣ ਵਿਅਕਤੀ ਦੇ ਭੇਸ ਹੋ ਕੇ ਗਿਆ ਜਿਹੜਾ ਤਹਿਖ਼ਾਨੇ ਤੱਕ ਜਾਂਦਾ ਸੀ। ਉਹ ਉੱਥੇ ਇਕ ਗਰੀਬ ਦੇ ਕੋਲ ਬੈਠ ਗਿਆ ਜਿਹੜਾ ਗੁਸਲਖ਼ਾਨੇ ਨੂੰ ਗਰਮ ਰੱਖਣ ਲਈ ਭੱਠੀ ਜਲਾ ਰਿਹਾ ਸੀ। ਰਾਜੇ ਨੇ ਛੇਤੀ ਹੀ ਉਸ ਗਰੀਬ ਮਜ਼ਦੂਰ ਨਾਲ ਦੋਸਤੀ ਕਰ ਲਈ ਅਤੇ ਉਹਨੂੰ ਵੀ ਚੰਗਾ ਲੱਗਿਆ। ਉਹ ਭੱਠੀ ਜਲਾਉਣ ਵਾਲੇ ਆਪਣੇ ਨਵੇਂ ਮਿੱਤਰ ਕੋਲ ਆਉਣ ਜਾਣ ਲੱਗਾ। ਜਿਹੜਾ ਅਜੇ ਵੀ ਉਸਦੇ ਬਾਰੇ ਕੁਝ ਨਹੀਂ ਜਾਣਦਾ ਸੀ। ਭੋਜਨ ਦੇ ਸਮੇਂ ਉਹ ਕਿਸਾਨ ਉਸ ਰਾਜੇ ਨਾਲ ਸੱਤੂ ਆਦਿ ਵੰਡ ਕੇ ਖਾ ਲੈਂਦਾ ਸੀ। ਆਖ਼ਿਰ ਵਿਚ ਰਾਜੇ ਨੇ ਉਸ ਨੂੰ ਆਪਣੇ ਬਾਰੇ ਦੱਸ ਦਿੱਤਾ, ਪਿਛਲੇ ਅਨੁਭਵ ਦੇ ਆਧਾਰ ਤੇ ਸ਼ਾਹ ਅਬੀਸ ਨੂੰ ਲੱਗਿਆ ਸੀ ਕਿ ਉਹ ਭੱਠੀ ਜਲਾਉਣ ਵਾਲਾ ਉਸ ਤੋਂ ਕਿਸੇ ਖ਼ਾਸ ਤੋਹਫ਼ੇ ਜਾਂ ਕਿਰਪਾ ਦ੍ਰਿਸ਼ਟੀ ਦੀ ਮੰਗ ਕਰੇਗਾ। ਇਸ ਦੇ ਉਲਟ ਰਾਜੇ ਦੀ ਸੱਚਾਈ ਜਾਣ ਲੈਣ ਤੇ ਉਸ ਵਿਆਕਤੀ ਨੇ ਰਾਜੇ ਕੋਲ ਨਾ ਤਾਂ ਧੰਨ ਵਾਸਤੇ ਨਾ ਹੀ ਕਿਰਪਾ ਦ੍ਰਿਸ਼ਟੀ ਲਈ ਬੇਨਤੀ ਕੀਤੀ। ਉਸ ਨੇ ਸਿਰਫ਼ ਏਨਾ ਹੀ ਕਿਹਾ:

> ਤੁਸੀਂ ਇਸ ਹਨੇਰੀ ਜਗ੍ਹਾਂ ਵਿਚ ਮੇਰੇ ਨਾਲ ਬੈਠਣ, ਮੇਰਾ ਸਾਧਾਰਣ ਜਿਹਾ ਖਾਣਾ ਖਾਣ ਜਾਂ ਉਦਾਸ ਮਨ ਨੂੰ ਸਹਾਰਾ ਦੇਣ ਲਈ ਆਪਣੇ ਮਹਿਲ ਨੂੰ ਛੱਡ ਕੇ ਆਏ ਹੋ। ਦੂਜਿਆਂ ਨੂੰ ਚੰਗੇ ਚੰਗੇ ਤੋਹਫ਼ੇ ਦੇ ਸਕਦੇ ਹੋ, ਪਰ ਮੈਨੂੰ ਤੁਸੀਂ ਆਪਣਾ ਆਪ ਹੀ ਦੇ ਦਿੱਤਾ, ਤੁਹਾਡੇ ਅੱਗੇ ਮੇਰੀ ਇਹੀ ਬੇਨਤੀ ਹੈ ਕਿ ਤੁਸੀਂ ਆਪਣੀ ਦੋਸਤੀ ਦਾ ਤੋਹਫ਼ਾ ਮੇਰੇ ਤੋਂ ਕਦੇ ਨਾ ਖੋਹ ਲੈਣਾ।[1]

## ਅਸੀਂ ਉਸਦਾ ਜਲਾਲ ਵੇਖਿਆ

ਯਿਸੂ ਦੇਹ ਧਾਰ ਕੇ ਹੀ ਸਾਡੇ ਵਿਚਕਾਰ ਨਹੀਂ ਰਿਹਾ, ਸਗੋਂ ਉਸ ਨੇ ਉਸਨੂੰ ਦੇਖਣ ਅਤੇ ਉਸ ਦੇ ਜੀਵਨ ਨੂੰ ਜਾਣਨ ਦੀ ਆਗਿਆ ਦਿੱਤੀ। ਯੂਹੰਨਾ ਨੇ ਇਸ ਨੂੰ ਇਕ 1: 14 ਵਿਚ ਇਹ ਕਹਿੰਦਾ ਹੋਏ ਦੱਸਿਆ ਹੈ, ''... ਅਸਾਂ ਉਸ ਦਾ ਤੇਜ ਪਿਤਾ ਦੇ ਇਕਲੌਤੇ ਦੇ ਤੇਜ ਵਰਗਾ ਡਿੱਠਾ''। ''ਤੇਜ'' ਅਜਿਹਾ ਸ਼ਬਦ ਹੈ ਜਿਸਦਾ ਪਵਿੱਤਰ ਸ਼ਾਸਤਰ ਵਿਚ ਬਹੁਤ ਵੱਡਾ ਅਰਥ ਹੈ। ਅਗਲੀਆਂ ਆਇਤਾਂ ਦੋ ਉਦਾਹਰਨਾਂ ਹਨ ਕਿ ਪੁਰਾਣੇ ਨੇਮ ਵਿਚ ''ਤੇਜ'' ਸ਼ਬਦ ਦੀ ਵਰਤੋਂ ਕਿਵੇਂ ਹੁੰਦੀ ਸੀ। ਪਹਿਲੀ ਉਦਾਹਰਨ ਜੰਗਲ ਵਿਚ ਇਸਰਾਏਲ ਦੇ ਘੁੰਮਣ ਦੇ ਸਮੇਂ ਦੀ ਹੈ,

> ਤਦ ਬੱਦਲ ਮਿਲਾਪ ਵਾਲੇ ਤੰਬੂ ਤੇ ਛਾ ਗਿਆ, ਅਤੇ ਯਹੋਵਾਹ ਦਾ ਤੇਜ ਨਿਵਾਸ ਵਿਚ ਭਰ ਗਿਆ ਅਤੇ ਬੱਦਲ ਜੋ ਮਿਲਾਪ ਵਾਲੇ ਤੰਬੂ ਤੇ ਠਹਿਰ ਗਿਆ ਸੀ।

> ਯੋਹਵਾਹ ਦਾ ਤੇਜ ਜਿਹੜਾ ਨਿਵਾਸ ਅਸਥਾਨ ਵਿਚ ਭਰ ਗਿਆ, ਇਸ ਕਾਰਨ ਮੂਸਾ ਵਿਚ ਵੜ ਨਾ ਸਕਿਆ। (ਕੂਚ 40:34, 35)।

ਦੂਜੀ ਆਇਤ ਸੁਲੇਮਾਨ ਦੀ ਹੈਕਲ ਬਣਨ ਤੇ ਸਮਰਪਣ ਸਮੇਂ ਦੀ ਲਈ ਗਈ ਹੈ:

> ਤਾਂ ਐਉਂ ਹੋਇਆ ਕਿ ਜਦ ਜਾਜਕ ਪਵਿੱਤਰ ਅਸਥਾਨ ਤੋਂ ਨਿਕੱਲੇ ਤਦ ਉਸ ਬੱਦਲ ਨੇ ਯਹੋਵਾਹ ਦੇ ਭਵਨ ਨੂੰ ਐਉਂ ਭਰ ਦਿੱਤਾ ਕਿ ਜਾਜਕ ਬੱਦਲ ਦੇ ਕਾਰਨ ਉਪਾਸਨਾ ਕਰਨ ਲਈ ਖਲੋ ਨਾ ਸੱਕੇ ਕਿਉਂ ਜੋ ਯਹੋਵਾਹ ਦੇ ਜਲੋ ਨੇ ਯਹੋਵਾਹ ਦੇ ਭਵਨ ਨੂੰ ਭਰ ਦਿੱਤਾ ਸੀ'(1 ਰਾਜਿਆਂ 8:10, 11)।

ਦੋਹਾਂ ਆਇਤਾਂ ਤੋਂ ਪਤਾ ਚਲਦਾ ਹੈ ਕਿ ''ਤੇਜ ਪਰਮੇਸ਼ੁਰ ਦੀ ਹਾਜ਼ਰੀ'' ਨੂੰ ਵਿਖਾਉਣ ਦਾ ਇਕ ਢੰਗ ਹੈ। ਇਹ ਕਹਿਣ ਦਾ ਅਰਥ ਕਿ ਯਹੋਵਾਹ ਦਾ ਤੇਜ ਉੱਥੇ ਸੀ, ਇਹ ਹੈ ਕਿ ਪਰਮੇਸ਼ੁਰ ਉੱਥੇ ਸੀ। ਸੀ. ਐਚ. ਡਾਡ ਨੇ ''ਤੇਜ'' ਨੂੰ ''ਮਾਨਵੀ ਅਨੁਭਵ ਦੀ ਪਹੁੰਚ ਦੇ ਢੰਗ ਨਾਲ, ਪਰਮੇਸ਼ੁਰ ਦੀ ਸੱਚਾਈ, ਸੁਭਾਅ ਅਤੇ ਹਾਜ਼ਰੀ ਨੂੰ ਵਿਖਾਉਣ ਦੇ ਰੂਪ ਵਿਚ ਕੀਤੀ ਹੈ।''[2] ਇਸ ਲਈ ਯੂਹੰਨਾ ਕਹਿ ਰਿਹਾ ਸੀ ਕਿ ਯਿਸੂ ਨਾਂਅ ਦੇ ਇਸ ਮਨੁੱਖੀ ਜੀਵ ਵਿਚ, ਮਨੁੱਖ ਜਾਤੀ ਪਰਮੇਸ਼ੁਰ ਦੀ ਹਾਜ਼ਰੀ ਵੇਖ ਸਕਦੀ ਸੀ। ਯੂਹੰਨਾ ਨੇ ਇਨ੍ਹਾਂ ਸੱਚਾਈਆਂ ਨੂੰ ਇੰਜੀਲ ਦੇ ਸ਼ੁਰੂ ਵਿਚ ਲਿਖਿਆ ਹੈ। ਜਿਨ੍ਹਾਂ ਨੂੰ ਉਸ ਨੇ ਯਿਸੂ ਦੇ ਜੀਵਨ ਪ੍ਰਤੀ ਦੱਸਣਾ ਚਾਹਿਆ ! ਸੰਖੇਪ ਵਿਚ ਉਹ ਕਹਿ ਰਿਹਾ ਸੀ, ''ਉਸ ਨੂੰ ਨੇੜੇ ਤੋਂ ਤੱਕ ਲਵੋ, ਕਿਉਂਕਿ ਜੋ ਤੁਸੀਂ ਵੇਖੋਗੇ ਉਹ ਲੋਕਾਂ ਦੇ ਨਾਲ ਕਿਸੇ ਚੰਗੇ ਮਨੁੱਖ ਦੁਆਰਾ ਕੀਤੇ ਗਏ ਵਿਹਾਰ ਤੋਂ ਕਿੱਧਰੇ ਵੱਧ ਹੈ। ਭਾਵ ਉਸ ਵਿਚ ਤੁਹਾਨੂੰ ਪਰਮੇਸ਼ੁਰ ਦਾ ਤੇਜ ਵੇਖਣ ਨੂੰ ਮਿਲੇਗਾ!'' ਯਿਸੂ ਨੇ ਜੋ ਕੁਝ ਵੀ ਕਿਹਾ ਅਤੇ ਕੀਤਾ ਉਸ ਵਿਚ ਸਭ ਕੁਝ ਧਰਤੀ ਅਤੇ ਸਵਰਗ ਦਾ ਤੇਜ ਵਿਖਾਈ ਦਿੱਤਾ ਸੀ। ਯਿਸੂ ਵਿਚ ''ਸ਼ਹਿਰ'' ਵਿਚ ਵੀ ''ਤੇਜ'' ਦਾ ਪ੍ਰਕਾਸ਼ ਸੀ।

ਇਕ ਟੀਕਾਕਾਰ ਨੇ ਪ੍ਰਸ਼ਨ ਸੁਝਾਇਆ ਹੈ ਜਿਹੜਾ ਮੇਰੇ ਵਿਚਾਰ ਮੁਤਾਬਿਕ ਯੂਹੰਨਾ ਦੀ ਇੰਜੀਲ ਵਿਚ ਤੇਜ ਨੂੰ ਸਮਝਣ ਲਈ ਸਾਡੀ ਹੋਰ ਵੀ ਮਦਦ ਕਰ ਸਕਦਾ ਹੈ।[3] ਉਸ ਨੇ ਪੁੱਛਿਆ ਹੈ ਕਿ ਯਿਸੂ ਦੇ ਰੂਪਾਂਤਰਨ ਦੀ ਕਹਾਣੀ ਯੂਹੰਨਾ ਦੀ ਇੰਜੀਲ ਵਿਚ ਕਿਉਂ ਨਹੀਂ ਦਿੱਤੀ ਗਈ। ਜਦ ਕਿ ਬਾਕੀ ਤਿੰਨ ਕਿਤਾਬਾਂ ਵਿਚ ਮਿਲਦੀ ਹੈ।[4] ਯੂਹੰਨਾ ਉਸ ਘਟਨਾ ਦਾ ਚਸ਼ਮਦੀਦ ਗਵਾਹ ਸੀ। ਇਹ ਤੇਜ ਦੀ ਸੰਪੂਰਣ ਉਦਾਹਰਨ ਲੱਗੇਗਾ, ਜਦ ''ਅਤੇ ਉਹ ਦਾ ਰੂਪ ਉਨ੍ਹਾਂ ਦੇ ਸਾਹਮਣੇ ਬਦਲ ਗਿਆ ਅਰ ਉਹ ਦਾ ਮੂੰਹ ਸੂਰਜ ਵਾਂਙੁ ਚਮਕਿਆ ਅਤੇ ਉਹ ਦੇ ਕੱਪੜੇ ਚਾਨਣ ਜੇਹੇ ਚਿੱਟੇ ਹੋ ਗਏ''(ਮੱਤੀ 17:2)। ਫਿਰ ਇੰਜੀਲ ਦੀ ਇਸ ਕਿਤਾਬ ਵਿਚ ਜਿਹੜੀ ਚੌਹਾਂ ਵਿਚੋਂ ਸਭ ਤੋਂ ਵੱਧ ਤੇਜ ਦੀ ਗੱਲ ਕਰਦੀ ਹੈ, ਯੂਹੰਨਾ ਨੇ ਯਿਸੂ ਦੇ ਰੂਪਾਂਤਰਿਤ ਦਾ ਵਰਣਨ ਕਿਉਂ ਨਹੀਂ ਕੀਤਾ? ਸ਼ਾਇਦ ਇਸ ਕਰਕੇ ਕਿ ਯੂਹੰਨਾ ਇਸ ਸੱਚ ਤੇ ਧਿਆਨ ਟਿਕਾਈ ਬੈਠਾ ਸੀ। ਯਿਸੂ ਦੇ ਪੂਰੇ ਜੀਵਨ ਤੋਂ ਦੇਹ ਵਿਚ ਪਰਮੇਸ਼ੁਰ ਦਾ ਤੇਜ ਪਰਗਟ ਕੀਤਾ ਗਿਆ ਸੀ। ਜੇਕਰ ਯੂਹੰਨਾ ਯਿਸੂ ਰੂਪਾਂਤਰਨ ਦੀ ਗੱਲ ਲਿਖਦਾ, ਤਾਂ ਹੋ ਸਕਦਾ ਸੀ ਕਿ ਬਾਕੀ ਘਟਨਾਵਾਂ ਦੀ ਨਜ਼ਰਅੰਦਾਜ਼ੀ ਹੋ ਜਾਂਦੀ। ਯਿਸੂ ਦੀਆਂ ਬਾਕੀ ਗੱਲਾਂ ਤੇ ਕੰਮਾਂ ਵਿਚ ਪਰਮੇਸ਼ੁਰ ਦੇ ਤੇਜ ਨੂੰ ਨਜ਼ਰਅੰਦਾਜ਼ ਕਰਕੇ ਯੂਹੰਨਾ ਦੇ ਪਾਠਕ ਰੂਪਾਂਤਰਿਤ ਦੇ ਬਾਰੇ ਵਿਚ ਕਹਿੰਦੇ, ''ਯੂਹੰਨਾ ਇਸੇ ਤੇਜ ਦੀ ਗੱਲ ਕਰ ਰਿਹਾ ਸੀ ਕਿ ਅਸੀਂ ਉਸ ਨੂੰ ਵਿਖਾਵਾਂਗੇ।'' ਇਸ ਵਿਚ ਇੰਜੀਲ ਵਿਚ ਸਾਡੇ

ਵਿਚ ਡੇਰਾ ਕਰਨ ਦੇ ਸਮੇਂ ਅਸੀਂ ਪ੍ਰਤੱਖ ਰੂਪ ਵਿਚ ਖ਼ੁਦਾ ਦਾ ਤੇਜ ਵੇਖਿਆ ਹੈ!

## ਉਸ ਨੇ ਪਰਮੇਸ਼ੁਰ ਨੂੰ ਪਰਗਟ ਕੀਤਾ

ਯਿਸੂ ਬਾਰੇ ਆਇਤ 14 ਦੇ ਦਾਅਵਿਆਂ ਨਾਲ ਯੂਹੰਨਾ ਨੇ ਹੋਰ ਕਈ ਐਲਾਨ ਜੋੜੇ ਹਨ ਉਸ ਨੇ ਲਿਖਿਆ ਹੈ ਕਿ ਯੂਹੰਨਾ ਬਪਤਿਸਮਾਦਾਤਾ ਨੇ ਲੋਕਾਂ ਦੇ ਸਾਹਮਣੇ ਗਵਾਹੀ ਦਿੱਤੀ, ''ਇਹ ਉਹੋ ਹੈ ਜਿਹ ਦੇ ਵਿਖੇ ਮੈਂ ਆਖਿਆ ਕਿ ਜੋ ਮੇਰੇ ਮਗਰੋਂ ਆਉਂਣ ਵਾਲਾ ਹੈ ਸੋ ਮੈਥੋਂ ਵੱਡਾ ਬਣਿਆ ਕਿਉਂਕਿ ਉਹ ਮੈਥੋਂ ਪਹਿਲਾਂ ਸੀ'' (1:15)। ਯੂਹੰਨਾ ਨੇ ਅੱਗੇ ਕਿਹਾ ਹੈ ਕਿ ਜਿਵੇਂ ਪਰਮੇਸ਼ੁਰ ਦੁਆਰਾ ਦਿੱਤੀ ਗਈ ਮੂਸਾ ਦੀ ਵਿਵਸਥਾ ਅਦਭੁਤ ਸੀ, ਉਵੇਂ ਅਨੁਗ੍ਰਹਿ ਅਤੇ ਸੱਚਾਈ ਯਿਸੂ ਵਿਚ ਕਾਰਜਕਾਰੀ ਠਹਿਰੀ ਸੀ। ਪੁਰਾਣੇ ਨੇਮ ਵਿਚ ਬਹੁਤ ਸਾਰਾ ਅਨੁਗ੍ਰਹਿ ਮਿਲਦਾ ਹੈ ਅਤੇ ਨਿਸਚੈ ਹੀ ਵਿਵਸਥਾ ਆਪਣੇ ਵਿਚ ਸਹੀ ਸੀ। ਪਰ ਜੋ ਕੁਝ ਵਿਵਸਥਾ ਦੁਆਰਾ ਸ਼ੁਰੂ ਕੀਤਾ ਗਿਆ ਸੀ, ਜਾਂ ਉਸਦਾ ਸੰਕੇਤ ਦਿੱਤਾ ਗਿਆ ਸੀ ਉਹ ਯਿਸੂ ਵਿਚ ਹੀ ਪੂਰਾ ਹੋਇਆ। ਵਿਵਸਥਾ ਦੀ ਤੁਲਨਾ ਸਮੇਂ ਸਿਰ ਕਾਰਜਕ੍ਰਮ ਦੇਣ ਵਾਲੇ ਇਕ ਟ੍ਰਾਂਜ਼ਿਸਟਰ ਰੇਡੀਓ ਨਾਲ ਅਸੀਂ ਕਰ ਸਕਦੇ ਹਾਂ ਕਿ ਯਿਸੂ ਖ਼ੁਦਾ ਦਾ ਸੀ.ਡੀ. ਪਲੇਅਰ ਹੈ, ਜਿਸ ਵਿਚ ਬਿਨਾ ਕਿਸੇ ਰੁਕਾਵਟ ਦੇ ਪਰਮੇਸ਼ੁਰ ਦਾ ਸੰਗੀਤ ਆਉਂਦਾ ਹੈ। ਵਿਵਸਥਾ ਦੀ ਤੁਲਣਾ ਕਿਸੇ ਹਨ੍ਹੇਰੀ ਗੁਫ਼ਾ ਦੀ ਛੱਤ ਤੇ ਕੋਲੇ ਨਾਲ ਬਣਾਏ ਗਏ ਚਿੱਤਰ ਨਾਲ ਕਰਨ ਤੇ, ਅਸੀਂ ਕਹਿ ਸਕਦੇ ਹਾਂ ਕਿ ਯਿਸੂ ਪਰਮੇਸ਼ੁਰ ਦਾ ਡਿਜੀਟਲ ਸੰਦੇਸ਼ ਹੈ, ਜਿਸ ਵਿਚ ਸਪਸ਼ੱਟ ਸੰਦੇਸ਼ ਭਾਵ ਪੂਰਾ ਪ੍ਰਕਾਸ਼ ਹੈ ਅਤੇ ਕੋਈ ਕਮੀ ਨਹੀਂ ਹੈ!

ਯੂਹੰਨਾ ਨੇ ਇਹ ਕਹਿ ਕੇ ਇਸ ਆਇਤ ਨੂੰ ਖ਼ਤਮ ਕੀਤਾ ਹੈ ਕਿ ਕਿਸੇ ਨੇ ਕਦੇ ਪਰਮੇਸ਼ੁਰ ਨੂੰ ਨਹੀਂ ਵੇਖਿਆ ਹੈ। ਪੁਰਾਣੇ ਨੇਮ ਵਿਚ ਅਸੀਂ ਉਨ੍ਹਾਂ ਲੋਕਾਂ ਬਾਰੇ ਪੜ੍ਹਦੇ ਹਾਂ ਜਿਹੜੇ ਮੰਨਦੇ ਸਨ ਕਿ ਉਨ੍ਹਾਂ ਪਰਮੇਸ਼ੁਰ ਨੂੰ ਵੇਖਿਆ ਤੇ ਡਰ ਗਏ ਸਨ ਕਿਉਂਕਿ ਉਨ੍ਹਾਂ ਨੂੰ ਡਰ ਸੀ ਕਿ ਪਰਮੇਸ਼ੁਰ ਨੂੰ ਵੇਖਣ ਵਾਲਾ ਜਿਉਂਦਾ ਨਹੀਂ ਰਹਿ ਸਕਦਾ। ਯੂਹੰਨਾ ਨੇ ਇਸ਼ਾਰਾ ਕੀਤਾ ਕਿ ਇਨ੍ਹਾਂ ਲੋਕਾਂ ਨੇ ਪਰਮੇਸ਼ੁਰ ਦੇ ਕਾਸਦਾਂ ਨੂੰ (ਸੁਨੇਹਾ ਪਹੁੰਚਾਉਣ ਵਾਲੇ ਦੂਤਾਂ ਨੂੰ) ਤਾਂ ਵੇਖਿਆ ਸੀ ਪਰ ਪਰਮੇਸ਼ੁਰ ਨੂੰ ਕਦੇ ਨਹੀਂ ਸੀ ਵੇਖਿਆ। ਇਸ ਲਈ ਇਹ ਜਾਨਣਾ ਹੋਰ ਵੀ ਮਹੱਤਵਪੂਰਣ ਲੱਗਦਾ ਹੈ ਕਿ ਜਿਹੜਾ ਸ਼ੁਰੂ ਤੋਂ ਸੀ ਭਾਵ ਜੋ ਪਰਮੇਸ਼ੁਰ ਹੈ ਭਾਵ ''ਇਕਲੌਤਾ ਪੁੱਤਰ ਜਿਹੜਾ ਪਿਤਾ ਦੀ ਗੋਦ ਵਿਚ ਹੈ ਉਸੇ ਨੇ ਉਹ ਨੂੰ ਪਰਗਟ ਕੀਤਾ'' (1:18)। ਉਹ ਯਿਸੂ ਨਾਸਰੀ ਬਣ ਕੇ ਸਾਡੇ ਉੱਤੇ ਪਰਮੇਸ਼ੁਰ ਨੂੰ ਪ੍ਰਗਟ ਕਰਨ ਲਈ ਆਇਆ! ਸਾਨੂੰ ਉਹਦੇ ਵਾਂਗੂੰ ਕਦੇ ਕਿਸੇ ਨੇ ਪਰਮੇਸ਼ੁਰ ਬਾਰੇ ਨਹੀਂ ਦੱਸਿਆ।

## ਸਾਰ

ਇਹ ਜਾਣਦੇ ਹੋਏ ਕਿ ਪਰਮੇਸ਼ੁਰ ਦੇ ਤੇਜ ਨੂੰ ਵੇਖਾਂਗੇ, ਅਸੀਂ ਯੂਹੰਨਾ ਦੀ ਇੰਜੀਲ ਨੂੰ ਪੜ੍ਹਨ ਲਗਦੇ ਹਾਂ। ਜਦੋਂ ਅਸੀਂ ਯਿਸੂ ਨੂੰ ਵੇਖ ਅਤੇ ਸੁਣ ਰਹੇ ਹੋਵਾਂਗੇ, ਤਾਂ ਉਹ ''ਦੇਹ'' ਵਿਚ ''ਤੇਜ'' ਨੂੰ ਪ੍ਰਗਟ ਕਰਕੇ ''ਤੇਜ'' ਨੂੰ ਨਵਾਂ ਅਰਥ ਦੇਵੇਗਾ। ਫਿਰ, ਯਿਸੂ ਨੂੰ ਵੇਖ ਕੇ ਉਹ ਆਮ ਜੀਵਨ ਦੇ ਅਨੁਭਵਾਂ ਵਿਚ ''ਤੇਜ'' ਨੂੰ ਕਿਵੇਂ ਲਿਆਇਆ ਅਤੇ ਕਿਵੇਂ ਲੋਕਾਂ ਸਾਹਮਣੇ ਆਉਂਦਾ ਹੈ, ਅਸੀਂ ਵੇਖਣ ਲੱਗਦੇ ਹਾਂ ਕਿ ਸਾਧਾਰਣ ਲੋਕਾਂ ਰਾਹੀ ਸਾਧਾਰਣ ਥਾਵਾਂ ਤੇ ਸਾਧਾਰਣ ਪ੍ਰਸਥਿਤੀਆਂ ਵਿਚ ''ਤੇਜ'' ਨੂੰ ਕੇਵਲ ਅਰਾਧਨਾ ਦੇ ਅਨੁਭਵਾਂ ਵਿਚ ਵਧੇਰੇ ਕਰਕੇ

ਆਤਮਾ ਦੀ ਪ੍ਰੇਰਣਾ ਦੇ ਮੌਕਿਆਂ ਵਿਚ ਜਾਂ ਪ੍ਰਭਾਵਸ਼ਾਲੀ ਪ੍ਰਚਾਰ ਵਿਚ ਵਿਚਾਰ ਕਰਨ ਦੀ ਪ੍ਰੀਖਿਆ ਆਉਂਦੀ ਹੈ, ਯੂਹੰਨਾ ਸਾਨੂੰ ਯਾਦ ਦੁਆਉਂਦਾ ਹੈ ਕਿ ਯਿਸੂ ਨੇ ਆਪਣੀ ਹਰ ਗੱਲ ਵਿਚ ''ਤੇਜ'' ਵਿਖਾਇਆ।

ਖ਼ੁਦਾਈ ਵਿਰੋਧਾਭਾਸ ਪਰਮੇਸ਼ੁਰ ਦੇਹਧਾਰੀ ਉਲਝਾਉਣ ਵਾਲਾ ਹੋ ਸਕਦਾ ਹੈ, ਪਰ ਸਾਡੇ ਲਈ ਯਿਸੂ ਨੂੰ ਸਮਝਣ ਲਈ ਇਹ ਨਿਰਣਾਇਕ ਹੈ। ਦੇਹਧਾਰੀ ਹੋਇਆ ਵਚਨ ਸਾਡੇ ਛੁਟਕਾਰੇ ਲਈ ਅਤੇ ਸਾਡੇ ਉੱਤੇ ਪਰਮੇਸ਼ੁਰ ਦਾ ਤੇਜ ਪਰਗਟ ਕਰਨ ਲਈ ਆਇਆ। ਯੂਹੰਨਾ ਦੀ ਇੰਜੀਲ ਅੱਗੇ ਪੜ੍ਹਨ ਤੇ, ਸਾਨੂੰ ਪਤਾ ਲੱਗਦਾ ਹੈ ਕਿ ਅਸੀਂ ਮਨੁੱਖ ਤੋਂ ਵੱਧ ਨੂੰ ਭਾਵ ਪਰਮੇਸ਼ੁਰ ਦੇ ਤੇਜ ਨੂੰ ਵੇਖ ਰਹੇ ਹਾਂ।

ਟਿਪੱਣੀਆਂ

[1]ਮਾਈਕਲ ਪੀ. ਗ੍ਰੀਨ ਗਰੀਨ, *ਇਲਸਟ੍ਰੇਸ਼ਨ ਫ਼ਾਰ ਬਿਬਲੀਕਲ ਪ੍ਰੀਚਿੰਗ* (ਗ੍ਰੈਂਡ ਰੈਪਿਡਸ, ਮਿਸ਼ਿਗਨ: ਬੇਕਰ ਬੁੱਕ ਹਾਊਸ, 1982), 48-49. [2]ਸੀ. ਐੱਚ. ਡੌਡ *ਦਿ ਇੰਟਰਪ੍ਰਿਟੇਸ਼ਨ ਆਫ਼ ਦ ਫ਼ੋਰਥ ਗੌਸਪਲ* (ਕੈਂਬਰਿਜ: ਕੈਂਬਰਿਜ ਯੂਨੀਵਰਸਿਟੀ ਪ੍ਰੈਸ, 1958), 206. [3]ਲਿਓਨ ਮੌਰਿਸ, *ਐਕਸਪੋਜ਼ਿਟਰੀ ਰਿਫ਼ਲੈਕਸ਼ੰਜ ਆਨ ਦ ਗੌਸਪਲ ਆਫ਼ ਜੌਨ* (ਗ੍ਰੈਂਡ ਰੈਪਿਡਸ, ਮਿਸ਼ਿਗਨ: ਬੇਕਰ ਬੁੱਕ ਹਾਊਸ, 1988), 17. [4]ਮੱਤੀ 17:1-8; ਮਰਕੁਸ 9:2-8; ਲੂਕਾ 9:28-36.

---

## ਪਰਮੇਸ਼ੁਰ/ਦੇਹਧਾਰੀ

ਪਰਮੇਸ਼ੁਰ/ਦੇਹਧਾਰੀ ਦੇ ਵਿਰੋਧਾਭਾਸ ਨੂੰ ਸਮਝਣਾ ਔਖਾ ਹੈ। ਪਹਿਲੀ ਸਦੀ ਦੇ ਅਖ਼ੀਰ ਤਕ, ''ਨਿਰਾਕਾਰਵਾਦੀਆਂ'' ਦੇ ਨਾਂਅ ਨਾਲ ਮਸ਼ਹੂਰ ਗੁੱਟ (''ਲੱਗਦਾ ਹੈ'' ਲਈ ਯੂਨਾਨੀ ਸ਼ਬਦ ਤੋਂ ਲਿਆ ਗਿਆ) ਦਾ ਮੰਨਣਾ ਸੀ ਕਿ ਯਿਸੂ ਸਿਰਫ਼ ਦੇਹ ਵਿਚ ਰਹਿੰਦਾ ਲੱਗਦਾ ਸੀ। ਉਨ੍ਹਾਂ ਦੇ ਦਿਮਾਗ਼ ਵਿਚ ਇਹ ਸੀ ਕਿ ਯਿਸੂ ਇਸ ਸੰਸਾਰ ਅਤੇ ਮਨੁੱਖਤਾ ਦੀਆਂ ਸਭ ਕਮਜ਼ੋਰੀਆਂ ਤੋਂ ਅਛੂਤਾ ਰਿਹਾ। ਇਸ ਦੇ ਥੋੜ੍ਹੀ ਦੇਰ ਬਾਅਦ ''ਗਿਆਨਵਾਦੀ'' ਖੜੇ ਹੋ ਗਏ ਜਿਨ੍ਹਾਂ ਆਪਣਾ ਨਾਂਅ ''ਗਿਆਨ'' ਲਈ ਯੂਨਾਨੀ ਸ਼ਬਦ ਤੋਂ ਲਿਆ ਸੀ। ਇਨ੍ਹਾਂ ਲੋਕਾਂ ਦਾ ਮੰਨਣਾ ਸੀ ਕਿ ਆਤਮਾ ਆਤਮਾ ਹੈ, ਜਿਸਮ, ਜਿਸਮ ਹੈ ਅਤੇ ਦੋਵੇਂ ਕਦੇ ਰਲ ਨਹੀਂ ਸਕਦੇ। ਇਸ ਕਰਕੇ ਖ਼ੁਦਾ/ਦੇਹਧਾਰੀ ਦਾ ਵਿਚਾਰ ਉਨ੍ਹਾਂ ਲਈ ਨਾਮੁਮਕਿਨ ਲੱਗਦਾ ਸੀ। ਇਕ ਤੀਜਾ ਗੁੱਟ ਜਿਸ ਨੂੰ ਇਸ ਧਾਰਣਾ ਤੋਂ ਪਰੇਸ਼ਾਨੀ ਸੀ ਉਹ ਅਪੋਲਿਨੇਰੀਉਸ ਦੇ ਪੈਰੋਕਾਰਾਂ ਦਾ ਸੀ (310-385 ਈਸਵੀ)। ਸੀਰੀਆ ਦੀ ਕਲੀਸੀਆ ਦਾ ਇਹ ਆਗੂ ਮਜ਼ਬੂਤੀ ਨਾਲ ਬਹਿਸ ਕਰਦਾ ਸੀ ਕਿ ਯਿਸੂ ਖ਼ੁਦਾ ਹੈ ਪਰ ਉਹ ਇਸ ਵਿਚਾਰ ਨੂੰ ਨਕਾਰਦਾ ਸੀ ਕਿ ਉਹ ਪੂਰਣ ਮਨੁੱਖ ਸੀ। ਉਹ ਇਹ ਨਹੀਂ ਮੰਨਦਾ ਸੀ ਕਿ ਯਿਸੂ ਨੂੰ ਆਪਣੀ ਮਰਜ਼ੀ ਕਰਨ ਦੀ ਖੁੱਲ੍ਹ ਸੀ ਜਿਸ ਨਾਲ ਉਹ ਪਾਪ ਕਰ ਸਕਦਾ। ਭਾਵੇਂ ਇਹ ਧਾਰਣਾ ਕਿ ''ਸ਼ਬਦ ਦੇਹਧਾਰੀ ਹੋਇਆ'' ਮੁਸ਼ਕਿਲ ਰਹੀ ਹੈ ਅਤੇ ਕਈ ਵਾਰ ਉਲਝਣ ਸੀ ਵੀ, ਪਰ ਯਿਸੂ ਦੇ ਸੁਭਾਅ ਨੂੰ ਸਮਝਣ ਲਈ ਇਹ ਜ਼ਰੂਰੀ ਹੈ।